the Sikh Coalition
the voice of a people

# ਆਪਣੇ ਹੱਕਾਂ ਨੂੰ ਪਛਾਣੋ:

## ਸਕੂਲਾਂ ਵਿੱਚ ਗੁੰਡਾਗ਼ਰਦੀ

## ਸਿੱਖ ਵਿਦਿਆਰਥੀਆਂ ਨੂੰ ਨਿਊ ਯਾਰਕ ਸ਼ਹਿਰ ਦੇ ਪਬਲਿਕ ਸਕੂਲਾਂ ਵਿੱਚ ਹੋ ਰਹੀ ਪਰੇਸ਼ਾਨੀ ਜਾਂ ਗੁੰਡਾਗ਼ਰਦੀ ਬਾਰੇ ਕੀ ਜਾਣਕਾਰੀ ਹੋਣੀ ਚਾਹੀਦੀ ਹੈ।

ਸਤੰਬਰ 3, 2008, ਨੂੰ ਮੇਅਰ ਮਾਈਕਲ ਬਲੂਮਬਰਗ ਅਤੇ ਸਕੂਲ ਚਾਂਸਲਰ ਜੋਇਲ ਕਲੇਨ ਨੇ ਚਾਂਸਲਰ ਦੇ ਰੈਗੂਲੇਸਨ A-832 ਦਾ ਐਲਾਨ ਕੀਤਾ, ਜਿਹੜਾ ਇਕ ਵਿਦਿਆਰਥੀ ਵੱਲੋਂ ਦੂਜੇ ਵਿਦਿਆਰਥੀ ਨਾਲ ਕੀਤੀ ਜਾ ਰਹੀ ਪੱਖ-ਪਾਤ ਆਧਾਰਿਤ ਪਰੇਸ਼ਾਨੀ, ਉਸ ਨੂੰ ਡਰਾਉਣਾ-ਧਮਕਾਉਣਾ-ਅਤੇ ਜਾਂ/ ਗੁੰਡਾਗਰਦੀ ਦੀਆਂ ਕਾਰਵਾਈਆਂ ਨੂੰ ਨਜਿੱਠਣ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਢੰਗ-ਤਰੀਕਿਆਂ, ਨਿਯਮਾਂ ਨਾਲ ਸਬੰਧਤ ਹੈ।

### ਪੱਖ-ਪਾਤ ਜਾਂ ਭੇਦ-ਭਾਵ ਆਧਾਰਿਤ ਪਰੇਸ਼ਾਨੀ ਤੋਂ ਕੀ ਭਾਵ ਹੈ?

ਭੇਦ-ਭਾਵ ਆਧਾਰਿਤ ਪਰੇਸ਼ਾਨੀ ਜਾਣ-ਬੁਝ ਕੇ ਕੀਤੀ ਗਈ ਗੁੰਡਾਗ਼ਰਦੀ ਜਾਂ ਡਰਾਉਣ-ਧਮਕਾਉਣ ਦੇਣ ਦੀ ਕੋਈ ਵੀ ਅਜਿਹੀ ਕਾਰਵਾਈ, ਜਿਹੜੀ ਬੱਚੇ ਦੀ ਸਿੱਖਣ ਦੀ ਯੋਗਤਾ ਨੂੰ ਪ੍ਰਭਾਵਤ ਕਰਦੀ ਹੋਵੇ, ਜਾਂ ਉਸ ਨੂੰ ਸਕੂਲ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਤੇ ਉਲਟਾ ਅਸਰ ਪਾਉਂਦੀ ਹੋਵੇ। ਪਰੇਸ਼ਾਨੀ ਕਿਸੇ ਵੀ ਵਿਅਕਤੀ ਦੇ "ਨਸਲ, ਰੰਗ, ਜ਼ਾਤ, ਉਸ ਦੇ ਜੱਦੀ ਦੇਸ਼, ਨਾਗਰਿਕਤਾ/ ਇਮੀਗ੍ਰੇਸ਼ਨ ਦੀ ਸਥਿਤੀ, ਧਰਮ, ਲਿੰਗ, ਲਿੰਗੀ ਪਛਾਣ, ਲਿੰਗੀ ਪ੍ਰਗਟਾਵਾ, ਸੈਕਸੂਅਲ ਝੁਕਾਅ, ਅਸਮਰਥਤਾ ਜਾਂ ਅਪਾਹਜਤਾ ਤੇ ਆਧਾਰਿਤ ਹੋ ਸਕਦੀ ਹੈ।" ਪੱਖ-ਪਾਤ ਆਧਾਰਿਤ ਪਰੇਸ਼ਾਨੀ ਸਰੀਰਕ, ਜ਼ੁਬਾਨੀ, ਅਤੇ ਲਿਖਤੀ ਵੀ ਹੋ ਸਕਦੀ ਹੈ।




ਸਰੀਰਕ ਅਤੇ ਜ਼ੁਬਾਨੀ ਵਿਹਾਰਕ ਕਾਰਵਾਈਆਂ ਵਿੱਚ, ਸਰੀਰਕ ਹਮਲਾ, ਚਿੜਾਉਣਾ, ਛੇੜਖਾਨੀ, ਡਰਾਉਣਾ-ਧਮਕਾਉਣਾ, ਭੱਦੀ ਭਾਸ਼ਾ ਦਾ ਪ੍ਰਯੋਗ ਕਰਨਾ ਜਾਂ ਬ਼ਗ਼ੈਰ ਮਰਜ਼ੀ ਦੇ ਸਰੀਰ ਦੇ ਕਿਸੇ ਅੰਗ ਨੂੰ ਛੂਹਣਾ ਸ਼ਾਮਲ ਹਨ।ਪੱਖ-ਪਾਤ ਅਧਾਰਿਤ ਪੇਸ਼ਾਨੀਆਂ ਦੀਆਂ ਉਦਾਹਰਨਾਂ ਵਿੱਚ ਪਗੜੀਧਾਰੀ ਸਿੱਖ ਵਿਦਿਆਰਥੀਅ ਨੂੰ "ਓਸਾਮਾ ਬਿਨ ਲਾਦੇਨ" ਜਾਂ "ਟਮਾਟਰ ਵਰਗਾ ਸਿਰ" ਕਹਿਣਾ; ਸਿੱਖ ਵਿਦਿਆਰਥੀ ਦੇ ਕੇਸਾਂ ਦਾ ਮਖੌਲ ਉਡਾਉਣਾ ਜਾਂ ਕੱਟਣ ਦੀ ਧਮਕੀ ਦੇਣਾ; ਜਾਂ ਬ਼ਗ਼ੈਰ ਮਰਜ਼ੀ ਦੇ ਸਰੀਰ ਨੂੰ ਛੂਹਣਾ ਜਾਂ ਸਿੱਖ ਵਿਦਿਆਰਥੀ ਦਾ ਪਟਕਾ ਜਾਂ ਦਸਤਾਰ ਉਤਾਰਣ ਦੀ ਕੋਸ਼ਿਸ਼ ਕਰਨਾ।

### ਕਿਸ ਵਿਅਕਤੀ ਨੂੰ ਪੱਖ-ਪਾਤ ਆਧਾਰਿਤ ਪਰੇਸ਼ਾਨੀ ਬਾਰੇ ਰਿਪੋਰਟ ਕੀਤੀ ਜਾ ਸਕਦੀ ਹੈ?

ਇਨ੍ਹਾਂ ਨੂੰ ਰਿਪੋਰਟਾਂ ਕੀਤੀਆਂ ਜਾ ਸਕਦੀਆਂ ਹਨ

1) ਪ੍ਰਿਸੀਪਲ ਵੱਲੋਂ ਚੁਣਿਆ ਅਤੇ ਨਿਯੁਕਤ ਕੀਤਾ ਹੋਇਆ ਸਟਾਫ ਦਾ ਜ਼ਿੰਮੇਵਾਰ ਵਿਅਕਤੀ (ਉਸ ਦਾ ਨਾਂ Respect for All ਪੋਸਟਰ 'ਤੇ ਜ਼ਰੂਰ ਦਰਜ ਹੋਣਾ ਚਾਹੀਦਾ ਹੈ)
2) ਸਕੂਲ ਦਾ ਕੋਈ ਵੀ ਮੁਲਾਜ਼ਮ, ਅਤੇ
3) ਆਫਿਸ ਆਫ ਸਕੂਲ ਅਤੇ ਯੂਥ ਡਿਵੈਲਪਮੈਂਟ RespectforAll@schools.nyc.gov

### ਪੱਖ-ਪਾਤ ਆਧਾਰਿਤ ਪਰੇਸ਼ਾਨੀ ਬਾਰੇ ਰਿਪੋਰਟ ਕੌਣ ਕਰ ਸਕਦਾ ਹੈ?

ਇਨ੍ਹਾਂ ਦੁਆਰਾ ਰਿਪੋਰਟਾਂ ਫਾਈਲ ਕੀਤੀਆਂ ਜਾ ਸਕਦੀਆਂ ਹਨ

1) ਪੱਖ-ਪਾਤ ਨਾਲ ਹੋਈ ਪਰੇਸ਼ਾਨੀ ਦਾ ਸ਼ਿਕਾਰ ਕੋਈ ਵੀ ਵਿਦਿਆਰਥੀ;
2) ਕੋਈ ਵੀ ਅਜਿਹਾ ਵਿਅਕਤੀ ਜੋ ਪਰੇਸ਼ਾਨੀ ਬਾਰੇ ਜਾਣਦਾ ਹੋਵੇ ਜਾਂ ਇਸ ਦਾ ਗਵਾਹ ਹੋਵੇ, ਜਿਵੇਂ ਮਾਪੇ ਜਾਂ ਹੋਰ ਵਿਦਿਆਰਥੀ; ਅਤੇ
3) ਸਟਾਫ ਦੇ ਮੈਂਬਰ, ਜਿਹੜੇ ਪਰੇਸ਼ਾਨੀ ਬਾਰੇ ਜਾਣਦੇ ਹੋਣ ਜਾਂ ਵਿਦਿਆਰਥੀਆਂ ਦੀ ਪੱਖ-ਪਾਤੀ ਪਰੇਸ਼ਾਨੀ ਦੇ ਗਵਾਹ ਹੋਣ।

### ਰਿਪੋਰਟ ਕਰਨ ਤੋਂ ਬਾਅਦ ਕੀ ਹੋਵੇਗਾ?

1) ਸਕੂਲ ਨੂੰ ਉਸ ਘਟਨਾ ਦੀ ਜਾਣਕਾਰੀ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਸਕੂਲ ਦੇ ਸਿਸਟਮ ਡੈਟਾਬੇਸ ਵਿੱਚ ਦਾਖਲ ਕਰਨਾ ਪਵੇਗਾ।
2) ਸ਼ਿਕਾਇਤ ਦੀ ਜਾਂਚ-ਪੜਤਾਲ ਮੁੱਢਲੀ ਰਿਪੋਰਟ ਦਾਖਲ ਕਰਨ ਦੇ 5 ਦਿਨਾਂ ਦੇ ਅੰਦਰ-ਅੰਦਰ ਪੂਰੀ ਕਰਨੀ ਹੋਵੇਗੀ।
3) ਮੁਢਲੀ ਰਿਪੋਰਟ ਤੋਂ 10 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਦੇ ਸਿੱਟਿਆਂ ਨੂੰ ਪੀੜਤ ਵਿਦਿਆਰਥੀ ਨੂੰ ਜਾਰੀ ਕਰਨਾ ਹੋਵੇਗਾ।

ਜੇਕਰ ਸਕੂਲ ਕੀਤੀ ਗਈ ਰਿਪੋਰਟ ਵੱਲ ਬਿਲਕੁਲ ਧਿਆਨ ਨਾ ਦੇਵੇ ਜਾਂ ਰਿਪੋਰਟ ਦਾ ਕੋਈ ਹੱਲ ਨਾ ਕੱਢੇ ਅਤੇ ਵਿਦਿਆਰਥੀ ਪਰੇਸ਼ਾਨੀ ਦਾ ਸ਼ਿਕਾਰ ਹੁੰਦਾ ਰਹੇ ਤਾਂ, ਵਿਦਿਆਰਥੀ ਨੂੰ ਸਿੱਧੀ ਰਿਪੋਰਟ ਆਫਿਸ ਆਫ ਸਕੂਲ ਐਂਡ ਯੁਥ ਡਿਵੈਲਪਮੈਂਟ ਨੂੰ respectforall@schools.nyc.gov 'ਤੇ ਈ-ਮੇਲ ਕਰਕੇ ਜਾਂ (212) 374-6834 'ਤੇ ਫੋਨ ਕਰਕੇ ਕਰਨੀ ਚਾਹੀਦੀ ਹੈ। ਤੁਹਾਨੂੰ ਵੀ ਸਿੱਖ ਕੁਲੀਸ਼ਨ ਨਾਲ ਸੰਪਰਕ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਸਕੂਲ ਦਾ ਘਟਨਾ ਵੱਲ ਧਿਆਨ ਦੇਣਾ ਯਕੀਨੀ ਬਣਾ ਸਕੀਏ।




## ਪਰੇਸ਼ਾਨ ਕਰਨ ਵਾਲੇ ਦੋਸ਼ੀ ਵਿਦਿਆਰਥੀ ਨਾਲ ਕੀ ਹੋਵੇਗਾ?

ਜੇਕਰ ਵਿਦਿਆਰਥੀ ਰੈਗੁਲੇਸ਼ਨ ਨੂੰ ਭੰਗ ਕਰਨ ਦਾ ਦੋਸ਼ੀ ਸਾਬਤ ਹੋਇਆ ਤਾਂ, ਵਿਦਿਆਰਥੀ ਦੇ ਖਿਲਾਫ਼ ਡਿਪਾਰਟਮੈਂਟ ਆਫ ਐਜੂਕੇਸ਼ਨ ਦੇ ਅਨੁਸ਼ਾਸਨ ਕੋਡ ਦੇ ਤਹਿਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।(http://schools.nyc.gov/RulesPolicies/DisciplineCode) ਜ਼ਰੂਰਤ ਮੁਤਾਬਕ, ਵਿਦਿਆਰਥੀ ਨੂੰ ਸਕੂਲ ਵੱਲੋਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

## ਪਰੇਸ਼ਾਨੀ ਦੇ ਸ਼ਿਕਾਰ ਹੋਣ ਵਾਲੇ ਵਿਦਿਆਰਥੀਆ ਨੂੰ ਕਿਹੜੀ ਮਦਦ ਮਿਲੇਗੀ?

ਸਕੂਲ ਵੱਲੋਂ ਵਿਦਿਆਥੀ ਨੂੰ ਜ਼ਰੂਰਤ ਮੁਤਾਬਕ ਕਾਊਂਸਲਿੰਗ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸੇਵਾਵਾਂ ਸਕੂਲ ਵੱਲੋਂ ਜਾਂ ਕਮਿਊਨਿਟੀ ਏਜੰਸੀ ਵੱਲੋਂ (ਸਕੂਲ ਦੇ ਕਹਿਣ 'ਤੇ) ਵੀ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।


## ਕੀ ਰਿਪੋਰਟਾਂ ਨੂੰ ਗੁਪਤ ਰੱਖਿਆ ਜਾਵੇਗਾ?

ਸਾਰੇ ਵਿਅਕਤੀਆਂ ਅਤੇ ਗਵਾਹਾਂ ਦੀ ਗੋਪਨੀਅਤਾ (privacy) ਦਾ ਡਿਪਾਰਟਮੈਂਟ ਆਫ ਐਜੂਕੇਸ਼ਨ (DOE) ਵੱਲੋਂ ਸਤਿਕਾਰ ਕੀਤਾ ਜਾਵੇਗਾ। ਸਿਰਫ ਜਦੋਂ ਬਹੁਤ ਜ਼ਰੂਰੀ ਹੋਵੇ, ਜਿਨ੍ਹਾਂ ਕੇਸਾਂ ਵਿੱਚ ਪੁਲਿਸ ਦੀ ਜਾਂਚ-ਪੜਤਾਲ ਹੋ ਰਹੀ ਹੋਵੇ, ਤਾਂ ਹੀ DOE ਵੱਲੋਂ ਮਸਲੇ ਨੂੰ ਹੱਲ ਕਰਨ ਲਈ ਜਾਣਕਾਰੀ ਨੂੰ ਜਨਤਕ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਇਸ ਰੈਗੁਲੇਸ਼ਨ ਦੇ ਤਹਿਤ ਕੋਈ ਵੀ ਵਿਦਿਆਰਥੀ ਜਾਂ ਸਟਾਫ, ਜਿਹੜਾ ਪਰੇਸ਼ਾਨੀ, ਗੁੰਡਾਗਰਦੀ, ਅਤੇ/ ਜਾਂ ਧਮਕੀਆਂ, ਛੇੜਖਾਨੀ ਆਦਿ ਦੀ ਰਿਪੋਰਟ ਕਰਦਾ ਹੈ ਜਾਂ ਇਨ੍ਹਾਂ ਦੀ ਜਾਂਚ-ਪੜਤਾਲ ਵਿੱਚ ਸਹਾਇਤਾ ਕਰਦਾ ਹੈ, ਦੇ ਖਿਲਾਫ ਕਿਸੇ ਵੀ ਤਰ੍ਹਾਂ ਦੀ ਬਦਲਾਖ਼ੋਰੀ (Retaliation) ਦੀ ਕਾਰਵਾਈ ਕਰਨ ਦੀ ਸਖ਼ਤ ਮਨਾਹੀ ਹੈ। ਅਜਿਹਾ ਕਰਨ ਵਾਲੇ ਦੇ ਖਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਅਤੇ ਜਾਂਚ ਹੋ ਸਕਦੀ ਹੈ।

## ਕੀ ਮਾਪਿਆਂ ਜਾਂ ਵਿਦਿਆਰਥੀਆਂ ਦੀ ਪਾਲਣ-ਪੋਸ਼ਣ ਕਰਨ ਵਾਲਿਆਂ ਨੂੰ ਦੱਸਿਆ ਜਾਵੇਗਾ?

ਦੋਸ਼ੀ ਵਿਦਿਆਰਥੀ ਅਤੇ ਪਰੇਸ਼ਾਨੀ ਦੇ ਸ਼ਿਕਾਰ ਦੋਵਾਂ ਵਿਦਿਆਰਥੀਆਂ ਦੇ ਮਾਪਿਆਂ ਜਾਂ ਪਾਲਣ-ਪੋਸ਼ਣ ਕਰਨ ਵਾਲਿਆਂ ਨੂੰ ਸਕੂਲ ਵੱਲੋਂ ਬਾਕਾਇਦਾ ਜਾਣਕਾਰੀ ਦਿੱਤੀ ਜਾਵੇਗੀ। ਕੁਝ ਵਿਅਕਤੀਗਤ ਸੁਰੱਖਿਆ ਦੇ ਕੇਸਾਂ ਵਿੱਚ, ਪਰੇਸ਼ਾਨੀ ਦਾ ਸ਼ਿਕਾਰ ਵਿਦਿਆਰਥੀ ਸਕੂਲ ਨੂੰ ਬੇਨਤੀ ਕਰ ਸਕਦਾ ਹੈ ਕਿ ਉਸ ਦੇ ਮਾਪਿਆਂ ਨੂੰ ਨਾ ਦੱਸਿਆ ਜਾਵੇ।

## ਸਕੂਲ ਵੱਲੋਂ ਪਰੇਸ਼ਾਨੀ ਦੀਆਂ ਘਟਨਾਵਾਂ ਰੋਕਣ ਲਈ ਕੀ ਕਦਮ ਚੁੱਕੇ ਜਾਣੇ ਚਾਹੀਦੇ ਹਨ?




1) ਹਰ ਵਿਦਿਆਰਥੀ ਦੇ ਪਰਿਵਾਰ ਨੂੰ "Respect for All" ਦੇ ਕਿਤਾਬਚੇ ਸਕੂਲ ਦਾ ਸਾਲ ਸ਼ੁਰੂ ਹੋਣ 'ਤੇ ਹੀ ਘਰ ਵਿੱਚ ਪਹੁੰਚਣੇ ਚਾਹੀਦੇ ਹਨ।
2) ਸਕੂਲ ਵਿੱਚ "Respect for All" ਪੋਸਟਰ ਵਿਦਿਆਰਥੀਆਂ ਨੂੰ ਸਪੱਸ਼ਟ ਦਿਸਦੇ ਹੋਣੇ ਚਾਹੀਦੇ ਹਨ ਅਤੇ ਪੋਸਟਰਾਂ ਵਿੱਚ ਉਸ ਵਿਅਕਤੀ ਦਾ ਨਾਂ ਜ਼ਰੂਰ ਹੋਵੇ ਜੋ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਜਾਂਚ-ਪੜਤਾਲ ਲਈ ਜ਼ਿੰਮੇਵਾਰ ਹੈ।
3) ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਰੈਗੁਲੇਸ਼ਨ ਅਤੇ "Respect for All" ਬਾਰੇ ਅਤੇ ਪੱਖਪਾਤ ਅਧਾਰਿਤ ਪਰੇਸ਼ਾਨੀ ਦੇ ਨਵੇਂ ਰੈਗੁਲੇਸ਼ਨ ਬਾਰੇ ਟ੍ਰੇਨਿੰਗ ਦੇਣੀ ਚਾਹੀਦੀ ਹੈ।
4) ਸਾਰੇ ਸਕੂਲਾਂ ਲਈ ਇਹ ਯੋਜਨਾ ਬਣਾਉਣੀ ਜ਼ਰੂਰੀ ਹੈ ਕਿ ਉਹ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਸਤਿਕਾਰਯੋਗ ਮਾਹੌਲ ਕਿਵੇਂ ਸਿਰਜਣਗੇ।

## ਇਸ ਰੈਗੁਲੇਸ਼ਨ ਦੀ ਹੋਰ ਵਧੇਰੇ ਜਾਣਕਾਰੀ ਮੈਨੂੰ ਕਿੱਥੋਂ ਮਿਲੇਗੀ?

ਰੈਗੁਲੇਸ਼ਨ ਨੂੰ ਡਿਪਾਰਟਮੈਂਟ ਆਫ ਐਜੂਕੇਸ਼ਨ (DOE) ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ: http://schools.nyc.gov/RulesPolicies/ChancellorsRegulations ਜਾਂ, ਤੁਸੀਂ ਰੈਗੁਲੇਸ਼ਨ ਦੀ ਕਾਪੀ ਨੂੰ ਪ੍ਰਾਪਤ ਕਰਨ ਲਈ ਡਿਪਾਰਟਮੈਂਟ ਆਫ ਐਜੂਕੇਸ਼ਨ ਨੂੰ (212) 374-6834 'ਤੇ ਫੋਨ ਕਰ ਸਕਦੇ ਹੋ।

## ਮੈਨੂੰ ਇਹ ਜਾਨਣ ਲਈ ਕਿ ਗੁੰਡਾਗਰਦੀ ਦੇ ਨਾਲ ਕਿਵੇਂ ਨਜਿੱਠਿਆ ਜਾਵੇ ਅਤੇ ਦੂਸਰੇ ਲੋਕਾਂ ਨੂੰ ਸਿੱਖਾਂ ਅਤੇ ਸਿੱਖੀ ਬਾਰੇ ਕਿਵੇਂ ਸਿਖਿਆ ਦਿੱਤੀ ਜਾਵੇ, ਲਈ ਕਿੱਥੇ ਜਾਣਾ ਪਵੇਗਾ?

ਸਿੱਖ ਕੁਲੀਸ਼ਨ ਨੇ ਇਸ ਮਕਸਦ ਲਈ ਸਿੱਖ ਨੌਜਵਾਨਾਂ, ਉਨ੍ਹਾਂ ਮਾਪਿਆਂ ਅਤੇ ਅਧਿਆਪਕਾਂ ਲਈ ਇਕ ਵੈੱਬਸਾਈਟ ਬਣਾਈ ਹੈ। ਅੱਜ ਹੀ www.khalsakids.org 'ਤੇ ਵਿਜ਼ਟ ਕਰੋ! ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਸਕੂਲ ਵਿੱਚ ਕੋਈ ਵੀ ਸਮੱਸਿਆ ਹੈ ਤਾਂ ਸਿੱਖ ਕੁਲੀਸ਼ਨ ਨਾਲ ਸੰਪਰਕ ਕਰੋ। ਅਸੀਂ ਸਕੂਲ ਵਿੱਚ ਵਰਕਸ਼ਾਪ, ਪ੍ਰੋਗਰਾਮ ਜਾਂ ਕੋਈ ਪ੍ਰਜ਼ੈਨਟੇਸ਼ਨ ਕਰਨ ਅਤੇ ਅਧਿਆਪਕਾਂ ਅਤੇ ਸਕੂਲ ਸਟਾਫ ਨਾਲ ਮਿਲ ਕੇ ਸਕੂਲ ਵਿੱਚ ਗੁੰਡਾਗਰਦੀ ਖਤਮ ਕਰਨ ਵਿੱਚ ਮਦਦ ਕਰ ਸਕਦੇ ਹਾਂ।ਸੰਪਰਕ ਕਰਨ ਲਈ sonny@sikhcoalition.org 'ਤੇ ਮੇਲ ਕਰੋ ਜਾਂ 212-655-3095 x86 'ਤੇ ਕਾਲ ਕਰੋ।

**ਜੇਕਰ ਤੁਹਾਡਾ ਜਾਂ ਤੁਹਾਡੇ ਬੱਚੇ ਦਾ ਸਕੂਲ ਇੱਥੇ ਦਿੱਤੇ ਹੋਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦਾ ਤਾਂ, ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਇਸ ਲਈ ਸਿੱਖ ਕੁਲੀਸ਼ਨ ਨਾਲ ਸੰਪਰਕ ਕਰੋ ਤਾਂ ਕਿ ਅਸੀਂ ਸਮੱਸਿਆ ਨੂੰ ਹੱਲ ਕਰ ਸਕੀਏ।**

the Sikh Coalition
the voice of a people
40 EXCHANGE PLACE, SUITE 728
NEW YORK, NEW YORK 10005
212-655-3095
WWW.SIKHCOALITION.ORG